**ਸਕੱਤਰ ਸਕੂਲ ਸਿੱਖਿਆ, ਪੰਜਾਬ**
**ਪੰਜਾਬ ਸਿਵਲ ਸਕੱਤਰੇਤ-2, ਸੈਕਟਰ-9, ਚੰਡੀਗੜ੍ਹ।**

ਨੰ: 7\3\2013- ਸਿੱਖ2 |386 ਮਿਤੀ 28\1\13

**ਹੁਕਮ**

1. ਇਹ ਕਿ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਵਿਰੁੱਧ ਐਫ.ਆਈ.ਆਰ.ਨੰ: 249 ਮਿਤੀ 25.08.2005 ਅ/ਧ 364, 325, 324, 323 ਆਈ.ਪੀ.ਸੀ. ਥਾਣਾ ਫਾਜ਼ਿਲਕਾ ਦਰਜ ਹੋਈ ਸੀ।

2. ਇਹ ਕਿ ਮਾਨਯੋਗ ਵਧੀਕ ਸੈਸ਼ਨ ਜੱਜ, ਫਿਰੋਜ਼ਪੁਰ ਦੀ ਅਦਾਲਤ ਵੱਲੋਂ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਨੂੰ ਉਕਤ ਧਾਰਾਵਾਂ ਅਧੀਨ ਹੇਠ ਲਿਖੇ ਅਨੁਸਾਰ ਕੈਦ ਅਤੇ ਜੁਰਮਾਨੇ ਦਾ ਫੈਸਲਾ ਕੀਤਾ ਹੈ:-

| Offence under Section | R.I. for | Fine | In default of payment of fine to undergo further RI for |
|---|---|---|---|
| 365/149 IPC | 2 years six months | Rs.1000/- | 15 days |
| 324/149 IPC | One year | - | - |
| 323/149 IPC | Six months | - | - |
| 148 IPC | One year | - | - |

All the sentences shall run concurrently. The period of detention already undergone by the convicts during enquiry, investigation or trial of this case shall be set of from the substantive sentence of imprisonment. The case property, be disposed off as per rules after expiry of appeal/revision as the case may and the outcome"

3. ਇਹ ਕਿ ਮਾਨਯੋਗ ਵਧੀਕ ਸੈਸ਼ਨ ਜੱਜ ਦੇ ਉਕਤ ਫੈਸਲੇ ਵਿਰੁੱਧ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਕਰੀਮਿਨਲ ਅਪੀਲ ਨੰ:1745 - ਐਸ.ਬੀ ਆਫ 2012 ਦਾਇਰ ਕੀਤੀ ਗਈ। ਮਾਨਯੋਗ ਹਾਈ ਕੋਰਟ ਵੱਲੋਂ ਉਕਤ ਕਰਿਮੀਨਲ ਅਪੀਲ ਵਿੱਚ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ , ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਸਬੰਧੀ ਹੇਠ ਲਿਖੇ ਹੁਕਮ ਕੀਤੇ ਗਏ :-

"Meanwhile, sentence of the applicants-appellants shall remain suspended till further orders."

4. ਇਹ ਕਿ ਮਾਨਯੋਗ ਅਦਾਲਤ ਦੇ ਉਕਤ ਹੁਕਮਾਂ ਤੋਂ ਸਪਸ਼ਟ ਹੈ ਕਿ ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ , ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਦੀ ਸਜ਼ਾ ਹੀ ਕੇਵਲ ਸਸਪੈਂਡ ਕੀਤੀ ਗਈ ਹੈ । ਉਸਦੀ conviction ਨਾ ਤਾਂ suspend ਕੀਤੀ ਗਈ ਹੈ ਅਤੇ ਨਾ ਹੀ ਉਸ ਨੂੰ ਦੋਸ਼ ਮੁਕਤ ਕੀਤਾ ਗਿਆ ਹੈ।

5. ਇਹ ਕਿ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ , ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਵੱਲੋਂ ਉਕਤ ਕੀਤੇ ਗੰਭੀਰ ਅਪਰਾਧਾਂ ਅਤੇ ਉਨ੍ਹਾਂ ਬਾਰੇ ਉਸ ਮਾਨਯੋਗ ਅਦਾਲਤ ਵੱਲੋਂ

ਉਕਤ ਅਨੁਸਾਰ ਦਿੱਤੀਆਂ ਸਜ਼ਾਵਾਂ ਨੂੰ ਮੁੱਖ ਰੱਖਦੇ ਹੋਏ ਅਤੇ ਸਾਰੇ ਪੱਖੋਂ ਗਹੁ ਨਾਲ ਵਿਚਾਰਦੇ ਹੋਏ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਅਜਿਹੇ ਕਰਮਚਾਰੀ ਨੂੰ ਸੇਵਾ ਵਿੱਚ ਰੱਖਣਾ ਲੋਕ ਹਿੱਤ ਵਿੱਚ ਨਹੀਂ ਹੈ। ਇਸ ਲਈ ਮੈਂ, ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ, ਸਕੱਤਰ ਸਕੂਲ ਸਿੱਖਿਆ, ਪੰਜਾਬ, ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ਨੂੰ ਨੌਕਰੀ ਤੇ ਰੱਖਣ ਅਤੇ ਕੱਢਣ ਦੇ ਅਧਿਕਾਰ ਰੱਖਦਾ ਹੋਇਆ ਉਸ ਨੂੰ ਤਤਕਾਲ ਸਮੇਂ ਤੋਂ (with immediate effect) ਭਾਰਤੀ ਸੰਵਿਧਾਨ ਦੀ ਧਾਰਾ 311 (ਦੀ ਪ੍ਰੋਵੀਜ਼ੋ 2(ਏ) ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ ) ਰੂਲਜ਼ 1970 ਨਾਲ ਪੜ੍ਹਦੇ ਹੋਏ ਸਰਕਾਰੀ ਸੇਵਾ ਤੋਂ ਬਰਖਾਸਤ (Dismiss) ਕਰਦਾ ਹਾਂ। ਇਸ ਕਰਮਚਾਰੀ ਵਿਰੁੱਧ ਲੱਗੇ ਦੋਸ਼ਾਂ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਮੁਅੱਤਲੀ ਸਮੇਂ ਦੌਰਾਨ ਜੋ ਤਨਖਾਹ/ਭੱਤੇ ਮਿਲ ਚੁੱਕੇ ਹਨ, ਇਸਤੋਂ ਇਲਾਵਾ ਹੋਰ ਕੁੱਝ ਨਹੀਂ ਮਿਲੇਗਾ ।

ਮਿਤੀ, ਚੰਡੀਗੜ੍ਹ

ਅਸ਼ੋਕ ਕੁਮਾਰ ਗੁਪਤਾ, ਆਈ.ਏ.ਐਸ
ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ।

ਪਿਠ ਅੰਕਣ ਨੰ:7\3\2013-5ਸਿ2 |387-390 ਮਿਤੀ 28\01\13

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ:

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
3. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਾਜਿਲਕਾ।
4. ਸ੍ਰੀ ਗੁਰਵਿੰਦਰ ਸਿੰਘ, ਲੈਕਚਰਾਰ ਸਰੀਰਕ ਸਿੱਖਿਆ, ਸ.ਸ.ਸ.ਸ, ਰਾਮਸਰਾਂ, ਤਹਿਸੀਲ ਅਬੋਹਰ, ਜ਼ਿਲਾ ਫਾਜ਼ਿਲਕਾ ।

ਵਧੀਕ ਸਕੱਤਰ ਸਕੂਲ ਸਿੱਖਿਆ